# ਪੰਜਾਬ ਸਕੂਲ ਸਿੱਖਿਆ ਬੋਰਡ

ਚੇਅਰਪਰਸਨ ਜੀ ਦੀ ਪ੍ਰਧਾਨਗੀ ਹੇਠ ਮਿਤੀ 19-3-2013 ਨੂੰ ਸਰਵ ਸਿੱਖਿਆ ਅਭਿਆਨ/ਭਲਾਈ ਵਿਭਾਗ ਦੇ ਅਧਿਕਾਰੀਆਂ, ਸਮੂਹ ਜ਼ਿਲਾ ਭਲਾਈ ਅਫਸਰ, ਸਮੂਹ ਜ਼ਿਲ੍ਹਾ ਕੋਆਰਡੀਨੇਟਰ, ਸਮੂਹ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਨਾਲ ਇੱਕ ਸਾਂਝੀ ਮੀਟਿੰਗ ਹੋਈ ਜਿਸ ਵਿੱਚ ਹੇਠ ਲਿਖੇ ਅਨੁਸਾਰ ਨੀਤੀ ਨਿਰਣੇ ਲਏ ਗਏ:-

1. <u>ਨੁਕਤਾ ਨੰਬਰ-1</u> ਅਨੁਸਾਰ ਪੁਸਤਕਾਂ ਦੀ ਪਹੁੰਚ ਬੋਰਡ ਦਫਤਰ ਦੇ ਖੇਤਰੀ ਦਫਤਰਾਂ ਅਧੀਨ ਪੈਂਦੇ ਬਲਾਕ ਪੱਧਰ ਤੇ ਪੁਸਤਕਾਂ ਪਹੁੰਚਾਣ ਦਾ ਨਿਰਣਾ ਕੀਤਾ ਗਿਆ।
2. <u>ਨੁਕਤਾ ਨੰਬਰ-2</u> ਨਿਯਮਾਂ ਅਤੇ ਹਦਾਇਤਾਂ ਅਨੁਸਾਰ ਹੀ ਕਾਰਵਾਈ ਮੁਕੰਮਲ ਕੀਤੀ ਜਾਵੇ।
3. <u>ਨੁਕਤਾ ਨੰਬਰ -3</u> ਤੇ ਵਿਚਾਰ ਕਰਦੇ ਹੋਏ ਸਹਿਮਤੀ ਪ੍ਰਗਟਾਈ ਗਈ ਤਾਂ ਜੋ ਉਹਨਾਂ ਦੀ ਨਿਗਰਾਨੀ ਹੇਠ ਪੁਸਤਕਾਂ ਦੀ ਪ੍ਰਾਪਤੀ ਦੇ ਦਸਤਾਵੇਜਾਂ ਤੇ ਹਸਤਾਖਰ ਹੋ ਸਕਣ ।
4. <u>ਨੁਕਤਾ ਨੰਬਰ-4</u> ਤੇ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਸਰਵ ਸਿੱਖਿਆ ਅਭਿਆਨ ਵੱਲੋਂ ਬਚੀਆਂ ਪੁਸਤਕਾਂ ਦੀ ਵਾਪਸੀ ਬਾਰੇ ਵਿਚਾਰ ਰੱਖਿਆ ਗਿਆ, ਪ੍ਰੰਤੂ ਪ੍ਰਬੰਧਕੀ/ਪ੍ਰਸ਼ਾਸਨਿਕ ਕਾਰਨਾਂ ਕਰਕੇ ਇਹ ਸੰਭਵ ਨਹੀਂ ਹੋ ਸਕਿਆ।
5. <u>ਨੁਕਤਾ ਨੰਬਰ-5</u> ਗੰਭੀਰਤਾਂ ਨਾਲ ਵਿਚਾਰ ਕਰਦੇ ਹੋਏ ਕਿ ਭਲਾਈ ਵਿਭਾਗ/ਸਰਵ ਸਿੱਖਿਆ ਅਭਿਆਨ ਅਤੇ ਵਿੱਕਰੀ ਵਾਲੀਆ ਪਿਛਲੇ ਆਡੀਸ਼ਨ ਦੀਆਂ ਸਟਾਕ ਵਿੱਚ ਪਈਆਂ ਪੁਸਤਕਾਂ ਜੋ ਸਹੀ ਹਾਲਤ ਵਿੱਚ ਹਨ ਉਹਨਾ ਤੇ ਸਾਲ 2013 ਆਡੀਸ਼ਨ ਦੀਆਂ ਮੋਹਰਾਂ ਲਗਾ ਕੇ ਹੀ ਸਪਲਾਈ ਕੀਤੀਆਂ ਜਾਣ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਜੇਕਰ ਦਿਹਾੜੀਦਾਰ ਮਜਦੂਰਾਂ ਦੀ ਹੋਰ ਲੋੜ ਪੈਂਦੀ ਹੈ, ਤਾਂ ਪਹਿਲਾਂ ਰੱਖੇ ਗਏ ਮਜਦੂਰਾਂ ਤੋਂ ਇਲਾਵਾ ਹੋਰ ਮਜਦੂਰ ਖੇਤਰੀ ਮੈਨੇਜਰ ਆਪਣੇ ਪੱਧਰ ਤੇ ਇੰਮਪ੍ਰੈਸਟ ਵਿੱਚੋਂ ਖਰਚਾ ਕਰਕੇ ਰੱਖ ਲੈਣ ।
6. <u>ਨੁਕਤਾ ਨੰਬਰ-6</u> ਵਿਚਾਰਿਆ ਗਿਆ ਜਿਸ ਤੇ ਸਰਵ ਸਿੱਖਿਆ ਅਭਿਆਨ ਤੇ ਭਲਾਈ ਵਿਭਾਗ ਨੇ ਸਹਿਮਤੀ ਪ੍ਰਗਟਾਈ ਹੈ।
7. <u>ਨੁਕਤਾ ਨੰਬਰ-7</u> ਪ੍ਰਬੰਧਕੀ ਕਾਰਣਾਂ ਦੇ ਮੱਦੇਨਜਰ ਸਭਨਾਂ ਵੱਲੋਂ ਸਹਿਮਤੀ ਪ੍ਰਗਟ ਕੀਤੀ ਗਈ।
8. <u>ਨੁਕਤਾ ਨੰਬਰ-8</u> ਅਨੁਸਾਰ ਚੇਅਰਪਰਸਨ ਜੀ ਵੱਲੋਂ ਬੋਰਡ ਦੇ ਵਿੱਤੀ ਸੰਕਟ ਦੇ ਮੱਦੇ ਨਜਰ ਸਬੰਧਤ ਵਿਭਾਗਾਂ ਵੱਲੋਂ ਬੋਰਡ ਦੀ ਬਕਾਇਆ ਲੈਣ ਵਾਲੀ ਰਾਸ਼ੀਂ ਨੂੰ ਤੁਰੰਤ ਰਲੀਜ ਕਰਨ ਬਾਰੇ ਗੁਜਾਰਿਸ ਕੀਤੀ ਜਿਸ ਤੇ ਸਬੰਧਤ ਵਿਭਾਗਾਂ ਦੇ ਹਾਜਰ ਨੁਮਾਇੰਦਿਆ ਵੱਲੋਂ ਛੇਤੀ ਅਦਾਇਗੀ ਕਰਵਾਏ ਜਾਣ ਦਾ ਯਕੀਨ ਦਿਵਾਇਆ ਗਿਆ ਹੈ।
9. ਇਸ ਤੋਂ ਇਲਾਵਾ ਕਿਤਾਬਾਂ ਦੀ ਬਲਾਕ ਪੱਧਰ ਤੱਕ ਪਹੁੰਚ ਟਰਾਸਪੋਰਟ ਦੇ ਆਉਣ ਜਾਣ ਲਈ ਨਿਰਵਿਘਨ ਸਥਾਨ ਨੂੰ ਚੁਣਨ ਲਈ ਵੀ ਸਹਿਮਤੀ ਪ੍ਰਗਟਾਈ ਗਈ।
10. ਪੁਸਕਤਾਂ ਬਲਾਕ ਪੱਧਰ ਤੇ ਰੱਖਣ ਵਾਸਤੇ ਜੇਕਰ ਥਾਂ ਦੀ ਅਚਨਚੇਤ ਤਬਦੀਲੀ ਕੀਤੀ ਜਾਂਦੀ ਹੈ ਤਾਂ ਸਬੰਧਤ ਜਿਲ੍ਹਾਂ ਮੈਨੇਜਰ ਦੀ ਸਹਿਮਤੀ ਨਾਲ ਕਾਰਜ ਨੇਪਰੇ ਚਾੜਿਆ ਜਾਵੇ।
11. ਪਹਿਲੀ ਤੋਂ ਪੰਜਵੀ ਜਮਾਤ ਦੀ ਪੰਜਾਬੀ ਭਾਸ਼ਾ ਅਤੇ ਸਾਇੰਸ-8 ਦੀਆਂ ਬਕਾਇਆ ਕਿਤਾਬਾਂ, ਦੋ ਵੱਖ-ਵੱਖ ਜਿਲਦਾਂ ਵਿੱਚ ਉਪਲੱਬਧ ਹਨ ਜਦੋਂ ਕਿ ਸਾਲ 2013 ਵਿੱਚ ਇਹ ਪੁਸਤਕਾਂ ਇੱਕ ਜਿਲਦ ਵਿੱਚ ਛਪੀਆਂ ਹਨ। ਉਹਨਾਂ ਕਿਤਾਬਾਂ (ਦੋ ਜਿਲਦਾਂ ਵਾਲੀਆਂ ) ਤੇ ਆਡੀਸ਼ਨ 2013 ਦੀ ਸਟੈਂਪ ਲਗਾ ਕੇ ਵਿਤਰਣ ਕੀਤਾ ਜਾਵੇ ਅਤੇ ਭਲਾਈ ਵਿਭਾਗ/ਸਰਵ ਸਿੱਖਿਆ ਅਭਿਆਨ ਅਥਾਰਟੀ ਇਹਨਾਂ ਕਿਤਾਬਾਂ ਦਾ ਸਕੂਲ ਵਿੱਚ ਵਿਤਰਣ ਕਰਦੇ ਸਮੇਂ ਇਹ ਵਿਸ਼ੇਸ ਧਿਆਨ ਰੱਖਣ ਕਿ ਇਹੋ ਜਿਹੀਆਂ ਕਿਤਾਬਾਂ (ਦੋ ਜਿਲਦਾਂ ਵਾਲੀਆਂ ) ਇੱਕ ਮੁਸਤ ਰੂਪ ਵਿੱਚ ਇੱਕ ਸਕੂਲ ਵਿੱਚ ਹੀ ਜਾਣ ਤਾਂ ਜੋ ਇੱਕ ਸ਼੍ਰੇਣੀ ਵਿੱਚ ਇੱਕ ਤਰ੍ਹਾਂ ਦੀ ਕਿਤਾਬ ਹੀ ਬੱਚਿਆ ਨੂੰ ਮਹੁੱਈਆਂ ਹੋ ਸਕੇ।

ਕਿਤਾਬਾਂ ਵਿਤਰਣ ਦੇ ਵਡਮੁੱਲੇ ਕਾਰਜ ਨੂੰ ਸਫਲਤਾ ਪੂਰਵਕ ਨੇਪਰੇ ਚਾੜਨ ਲਈ ਹਾਜਰੀਨ ਅਧਿਕਾਰੀਆਂ ਨੇ ਚੇਅਰਪਰਸਨ , ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਇੱਕ ਸੁਰ ਨਾਲ ਯਕੀਨ ਦਿਵਾਇਆ ਗਿਆ ਜਿਸ ਤੇ ਚੇਅਰਪਰਸਨ ਜੀ ਨੇ ਸਭਨਾਂ ਦਾ ਹਾਰਦਿਕ ਧੰਨਵਾਦ ਕਰਦਿਆ ਪੰਜਾਬ ਰਾਜ ਦੇ ਬੱਚਿਆ ਦੇ ਭਵਿੱਖ ਲਈ ਹਰ ਤਰ੍ਹਾਂ ਦਾ ਸੰਭਵ ਸਹਿਯੋਗ ਪ੍ਰਦਾਨ ਕਰਵਾਏ ਜਾਣ ਦਾ ਵਾਅਦਾ ਕੀਤਾ ਗਿਆ

ਉੱਪ ਸਕੱਤਰ (ਪੁਸਤਕਾਂ)

22-3-2013

<u>ਪੰਜਾਬ ਸਕੂਲ ਸਿੱਖਿਆ ਬੋਰਡ</u>

**ਵਿਸ਼ਾ: ਬੋਰਡ ਦੇ ਮੁੱਖ ਦਫਤਰ ਵਿਖੇ ਮਿਤੀ: 19-3-13 ਨੂੰ ਹੋਈ ਮੀਟਿੰਗ ਦੇ ਨਿਰਣਿਆਂ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਆਡੀਟੋਰੀਅਮ ਵਿਖੇ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰਧਾਨਗੀ ਹੇਠ ਮਿਤੀ: 19-3-13 ਨੂੰ ਸਰਵ ਸਿੱਖਿਆ ਅਭਿਆਨ, ਭਲਾਈ ਵਿਭਾਗ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਦੀ ਹੋਈ ਸੰਯੁਕਤ ਮੀਟਿੰਗ ਵਿਚ ਲਏ ਗਏ ਨਿਰਣਿਆਂ ਦੀ ਕਾਰਵਾਈ ਆਪ ਜੀ ਨੂੰ ਭੇਜੀ ਜਾਂਦੀ ਹੈ ਜੀ।

ਸਕੱਤਰ

28.3.2013 ਪੰਜਾਬ ਸਕੂਲ ਸਿੱਖਿਆ ਬੋਰਡ।

ਪਿੰ:ਅੰ:ਨੰ:3621-50/ਸ-2/ਟੀਬੀਸੀ/ਪਸਸਬ/ ਮਿਤੀ: 28.3.2013

ਉਪਰੋਕਤ ਸਬੰਧੀ ਕਾਪੀ ਹੇਠ ਲਿਖੇ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਚੇਅਰਪਰਸਨ ਜੀ ਦੇ ਓ.ਐਸ.ਡੀ,ਚੇਅਰਪਰਸਨ ਜੀ ਦੀ ਸੂਚਨਾ ਹਿੱਤ।
2. ਵਾਈਸ ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਜੀ ਦੀ ਸੂਚਨਾ ਹਿੱਤ।
3. ਸਕੱਤਰ ਜੀ ਦੇ ਨਿੱਜੀ ਸਕੱਤਰ, ਸਕੱਤਰ ਜੀ ਦੀ ਸੂਚਨਾ ਹਿੱਤ।
4. ਡਾਇਰੈਕਟਰ, ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
5. ਸਟੇਟ ਪ੍ਰੋਜੈਕਟ, ਡਾਇਰੈਕਟਰ, ਸਰਵ ਸਿੱਖਿਆ ਅਭਿਆਨ, ਅਥਾਰਟੀ, ਪੰਜਾਬ, ਚੰਡੀਗੜ੍ਹ।
6. ਸੰਯੁਕਤ ਸਕੱਤਰ ਜੀ ਦੇ ਨਿੱਜੀ ਸਕੱਤਰ, ਸੰਯੁਕਤ ਸਕੱਤਰ ਜੀ ਦੀ ਸੂਚਨਾ ਹਿੱਤ।
7. ਸਮੂਹ ਜਿਲ੍ਹਾ ਭਲਾਈ ਅਫਸਰ।
8. ਸਮੂਹ ਜਿਲ੍ਹਾ ਕੋਆਰਡੀਨੇਟਰ (ਪੁਸਤਕਾਂ)
9. ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ।

28/3/13

ਉਪ ਸਕੱਤਰ (ਪੁਸਤਕਾਂ)